# 4 ਜਨਵਰੀ, 2021 ਤੋਂ ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ ਤਬਦੀਲੀਆਂ

ਬ੍ਰੈਂਪਟਨ, ਓਨਟੈਰੀਓ (16 ਦਸੰਬਰ, 2020) – ਇਹ ਯਕੀਨੀ ਬਣਾਉਣ ਲਈ ਕਿ ਸਾਡਾ ਟ੍ਰਾਂਜ਼ਿਟ ਸਿਸਟਮ, ਲੋਕਾਂ ਨੂੰ ਸਿਟੀ ਵਿੱਚ ਚੰਗੀ ਤਰ੍ਹਾਂ ਗਤੀਸ਼ੀਲ ਰੱਖ ਸਕਦਾ ਹੈ, 4 ਜਨਵਰੀ, 2021 ਤੋਂ ਸ਼ੁਰੂ ਕਰਦੇ ਹੋਏ, ਅਗਲੇ ਨੋਟਿਸ ਤੱਕ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਹੇਠਾਂ ਦਿੱਤੇ ਰੂਟ ਚਾਲੂ ਹੋ ਜਾਣਗੇ।

- 501 ਜ਼ੂਮ ਕਵੀਨ (501 Züm Queen)
- 502 ਜ਼ੂਮ ਮੇਨ* (502 Züm Main*)
- 505 ਜ਼ੂਮ ਬੋਵੇਅਰਡ (505 Züm Bovaird)
- 511/ 511A/511C ਜ਼ੂਮ ਸਟੀਲਸ* (511/ 511A/511C Züm Steeles*)
- 1 ਕਵੀਨ* (1 Queen*)
- 2 ਮੇਨ* (2 Main*)
- 3/3A ਮੈਕਲੌਗਲਿਨ (3/3A McLaughlin)
- 4/4A ਚਿੰਗਕੁਜ਼ੀ* (4/4A Chinguacousy*)
- 5/5A ਬੋਵੇਅਰਡ (5/5A Bovaird)
- 6 ਜੇਮਸ ਪੋਟਰ (6 James Potter)
- 7/7A ਕੈਨੇਡੀ (7/7A Kennedy)
- 8 ਸੈਂਟਰ* (8 Centre*)
- 9 ਵੋਡਨ* (9 Vodden*)
- 10 ਸਾਊਥਗੇਟ (10 Southgate)
- 11/11A ਸਟੀਲਸ* (11/11A Steeles*)
- 12 ਗ੍ਰੇਨੋਬਲ* (12 Grenoble*)
- 13 ਅਵੋਨਡੇਲ* (13 Avondale*)
- 14/14A ਟੋਰਬਰੈਮ* (14/14A Torbram*)
- 15/ 15A ਬ੍ਰੈਮਲੀ (15/ 15A Bramalea)
- ਸਾਊਥਗੇਟ* (Southgate*)
- 17 ਹੋਡਨ* (17 Howden*)
- 18 ਡਿਕਸੀ* (18 Dixie*)
- 19 ਫਰਨਫੋਰੈਸਟ* (19 Fernforest*)
- 20 ਈਸਟ ਇੰਡਸਟ੍ਰੀਅਲ (20 East Industrial)
- 23 ਸੈਂਡਲਵੁੱਡ (23 Sandalwood)
- 24 ਵੈਨ ਕਿਰਕ (24 Van Kirk)
- 25 ਏਡਨਬ੍ਰੁਕ (25 Edenbrook)
- 26 ਮਾਊਂਟ ਪਲੈਜ਼ੈਂਟ (26 Mount Pleasant)
- 27 ਰੋਬਰਟ ਪਾਰਕਿਨਸਨ (27 Robert Parkinson)
- 28 ਵਾਨਲੈਸ (28 Wanless)

- 29/ 29A ਵਿਲੀਅਮਸ ਪਾਰਕਵੇ (29/ 29A Williams Parkway)
- 30 ਏਅਰਪੋਰਟ ਰੋਡ* (30 Airport Road*)
- 31 ਮੈਕਵੀਨ (31 McVean)
- 32 ਫਾਦਰ ਟੋਬਿਨ (32 Father Tobin)
- 33 ਪੀਟਰ ਰੋਬਰਟਸਨ (33 Peter Robertson)
- 35 ਕਲਾਰਕਵੇ (35 Clarkway)
- 50 ਗੋਰ ਰੋਡ* (50 Gore Rd.*)
- 51 ਹੈਰਫੋਰਡ* (51 Hereford*)
- 52 ਮੈਕਮਰਚੀ* (52 McMurchy*)
- 53 ਰੇ ਲਾੱਸਨ (53 Ray Lawson)
- 54 ਕਾਉਂਟੀ ਕੋਰਟ (54 County Court)
- 55 ਐਲਬਰਨ ਮਾਰਕੇਲ* (55 Elbern Markell*)
- 56 ਕਿੰਗਨੋਲ (56 Kingknoll)
- 57 ਚਾਰੋਲੇਸ (57 Charolais)
- 60 ਮਿਸੀਸਾਗਾ ਰੋਡ (60 Mississauga Rd.)
- 81 ਮੇਫੀਲਡ ਵੈਸਟ (81 Mayfield West)
- 115 ਏਅਰਪੋਰਟ ਐਕਸਪ੍ਰੈਸ (115 Airport Express)

*ਰੂਟਾਂ ਵਿੱਚ ਸੇਵਾ ਅੱਪਡੇਟ। ਕਿਰਪਾ ਕਰਕੇ ਟ੍ਰੈਵਲ ਕਰਨ ਤੋਂ ਪਹਿਲਾਂ ਰੂਟ ਸ਼ੈਡਿਊਲ ਦੇਖੋ।

ਬ੍ਰੈਮਲੀ (Bramalea), ਬ੍ਰੈਂਪਟਨ ਗੇਟਵੇ (Brampton Gateway) ਅਤੇ ਡਾਊਨਟਾਊਨ (Downtown) ਟਰਮੀਨਲਾਂ ਵਿਖੇ ਟਰਮੀਨਲ ਦੀ ਬਿਲਡਿੰਗ ਦਾ ਸਮਾਂ ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਹੈ। ਟ੍ਰਿਨਿਟੀ ਕੋਮਨ (Trinity Common) ਟਰਮੀਨਲ ਬੰਦ ਰਹੇਗਾ। ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਘੰਟਿਆਂ ਬਾਰੇ ਜਾਣਨ ਲਈ, www.bramptontransit.com ਤੇ ਜਾਓ।

ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਸਾਰਿਆਂ ਲਈ ਭੂਮਿਕਾ ਨਿਭਾਉਣਾ ਜ਼ਰੂਰੀ ਹੈ। ਕਿਰਪਾ ਕਰਕੇ ਯਾਦ ਰੱਖੋ:

- ਟਰਮੀਨਲਾਂ ਤੇ ਅਤੇ ਬੱਸਾਂ ਤੇ ਹੋਣ ਵੇਲੇ ਚਿਹਰੇ ਨੂੰ ਢਕਣਾ ਜਾਂ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਲਾਜ਼ਮੀ ਹੈ – ਮੈਡੀਕਲ ਸਥਿਤੀਆਂ ਸਬੰਧੀ ਛੋਟਾਂ ਲਾਗੂ ਹੁੰਦੀਆਂ ਹਨ। ਚਿਹਰੇ ਨੂੰ ਢਕਣ ਦਾ ਮਤਲਬ ਹੈ ਕਿ ਤੁਹਾਡਾ ਨੱਕ, ਮੂੰਹ ਅਤੇ ਠੋਡੀ ਹਰ ਵੇਲੇ ਢਕੀ ਹੋਈ ਹੋਵੇ।
- ਟਰਮੀਨਲਾਂ ਅਤੇ ਬਸ ਸਟੌਪਸ ਤੇ, ਮਾਸਕ ਪਹਿਨ ਕੇ ਵੀ, ਸਰੀਰਕ ਦੂਰੀ ਕਾਇਮ ਰੱਖੋ।
- ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖੋ ਅਤੇ ਵਾਰ-ਵਾਰ ਆਪਣੇ ਹੱਥ ਧੋਵੋ।
- ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਟ੍ਰਾਂਜ਼ਿਟ ਤੇ ਸਫ਼ਰ ਕਰਨ ਤੋਂ ਪਰਹੇਜ਼ ਕਰੋ। ਨੇੜਲੀ ਕੋਵਿਡ-19 (COVID-19) ਅਸੈਸਮੈਂਟ ਸਾਈਟ ਵਿਖੇ ਟੈਸਟ ਕਰਵਾਓ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ, ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਬੱਸਾਂ ਤੇ ਅਤੇ ਟਰਮੀਨਲਾਂ ਵਿਖੇ ਗੈਰ-ਮੈਡੀਕਲ ਮਾਸਕ ਲਾਜ਼ਮੀ ਹਨ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਨਿਯਮਿਤ ਅੱਪਡੇਟਾਂ ਲਈ www.brampton.ca/COVID19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca